Surrey Schools
LEADERSHIP IN LEARNING

# ਤੁਹਾਨੂੰ ਏ ਆਈ ਬਾਰੇ ਕੀ ਜਾਣਨ ਦੀ ਲੋੜ ਹੈ?

### ਛੋਟੇ ਬੱਚਿਆਂ ਲਈ

## ਸੁਰੱਖਿਅਤ ਰਹੋ

ਉਸ ਜਾਣਕਾਰੀ ਬਾਰੇ ਸੁਚੇਤ ਰਹੋ ਜਹਿੜੀ ਤੁਸੀਂ ਏ ਆਈ ਨਾਲ ਸਾਂਝੀ ਕਰਦੇ ਹੋ। ਆਪਣੀ ਨਿੱਜੀ ਜਾਣਕਾਰੀ ਅਤੇ ਦੂਸਰਿਆਂ ਦੀ ਜਾਣਕਾਰੀ ਨੂੰ ਪ੍ਰਾਈਵੇਟ ਰੱਖੋ। ਜੇ ਕੋਈ ਚੀਜ਼ ਠੀਕ ਨਾ ਲੱਗੇ ਤਾਂ ਆਪਣੇ ਟੀਚਰ ਜਾਂ ਕਿਸੇ ਭਰੋਸੇਯੋਗ ਬਾਲਗ ਨੂੰ ਦੱਸੋ।

## ਆਪਣੇ ਵਿਚਾਰ ਸ਼ਾਮਲ ਕਰੋ

ਹਮੇਸ਼ਾਂ ਆਪਣੇ ਵਿਚਾਰਾਂ ਅਤੇ ਸਿਰਜਣਾਤਮਕਤਾ ਨੂੰ ਸ਼ਾਮਲ ਕਰੋ! ਆਪਣੇ ਆਪ `ਤੇ ਵਿਸ਼ਵਾਸ ਰੱਖੋ ਅਤੇ ਭਰੋਸਾ ਰੱਖੋ ਕਿ ਤੁਹਾਡੇ ਵਿਚਾਰ ਮਹੱਤਵਪੂਰਨ ਹਨ। ਕਈ ਵਾਰ ਚੰਗੇ ਵਿਚਾਰ ਕੁੱਝ ਕੁ ਕੋਸ਼ਿਸ਼ਾਂ ਤੋਂ ਬਾਅਦ ਆਉਂਦੇ ਹਨ।

## ਏ ਆਈ ਬਾਰੇ ਸਿੱਖੋ

ਏ ਆਈ ਨੂੰ ਆਪਣੇ ਹੈਲਪਰ (ਮਦਦ ਕਰਨ ਵਾਲੇ) ਦੇ ਤੌਰ `ਤੇ ਦੇਖੋ। ਇਹ ਤੁਹਾਨੂੰ ਵਿਆਖਿਆਵਾਂ ਅਤੇ ਉਦਾਹਰਨਾਂ ਦੇ ਸਕਦੀ ਹੈ, ਪਰ ਹਮੇਸ਼ਾਂ ਆਪਣੇ ਵਿਚਾਰਾਂ ਨੂੰ ਸ਼ਾਮਲ ਕਰਨਾ ਯਾਦ ਰੱਖੋ। ਹੈਰਾਨ ਕਰਨ ਵਾਲੇ ਵਿਚਾਰ ਅਤੇ ਹੱਲ ਸੋਚਣ ਲਈ ਜੋ ਤੁਸੀਂ ਜਾਣਦੇ ਹੋ, ਉਸ ਨੂੰ ਏ ਆਈ ਨਾਲ ਮਿਲਾਓ।

## ਸਿੱਖਣ ਦੇ ਕਈ ਸਾਧਨਾਂ ਦੀ ਵਰਤੋਂ ਕਰੋ

ਸਿਰਫ਼ ਏ ਆਈ `ਤੇ ਨਿਰਭਰ ਨਾ ਕਰੋ। ਵੱਖਰੇ ਵੱਖਰੇ ਸਾਧਨਾਂ (ਟੂਲਜ਼) ਅਤੇ ਵਸੀਲਿਆਂ ਨੂੰ ਲੱਭੋ ਅਤੇ ਵਰਤੋ। ਇਸ ਨਾਲ ਤੁਹਾਨੂੰ ਜਵਾਬ ਲੱਭਣ ਵਿੱਚ ਅਤੇ ਸਮੱਸਿਆਵਾਂ ਦਾ ਹੱਲ ਕਰਨ ਲਈ ਜਾਣਕਾਰੀ ਦੀ ਵਰਤੋਂ ਕਰਨ ਵਿੱਚ ਮਦਦ ਮਿਲੇਗੀ।

## ਏ ਆਈ ਨੂੰ ਇਕ ਹੈਲਪਰ ਵਜੋਂ ਵਰਤ

ਹਮੇਸ਼ਾਂ ਆਪਣੇ ਵਿਚਾਰਾਂ ਅਤੇ ਸਿਰਜਣਾਤਮਕਤਾ ਨੂੰ ਸ਼ਾਮਲ ਕਰੋ! ਆਪਣੇ ਆਪ `ਤੇ ਵਿਸ਼ਵਾਸ ਰੱਖੋ ਅਤੇ ਭਰੋਸਾ ਰੱਖੋ ਕਿ ਤੁਹਾਡੇ ਵਿਚਾਰ ਮਹੱਤਵਪੂਰਨ ਹਨ। ਕਈ ਵਾਰ ਚੰਗੇ ਵਿਚਾਰ ਕੁੱਝ ਕੁ ਕੋਸ਼ਿਸ਼ਾਂ ਤੋਂ ਬਾਅਦ ਆਉਂਦੇ ਹਨ।

## ਏ ਆਈ ਦੇ ਕੰਮ ਨੂੰ ਚੈੱਕ ਕਰੋ

ਏ ਆਈ ਗਲਤੀਆਂ ਕਰ ਸਕਦੀ ਹੈ। ਹਮੇਸ਼ਾਂ ਵੱਖਰੀਆਂ ਵੱਖਰੀਆਂ ਥਾਂਵਾਂ ਤੋਂ ਜਾਣਕਾਰੀ ਲੱਭ ਕੇ ਅਤੇ ਉਸ ਦਾ ਮੁਕਾਬਲਾ ਕਰਕੇ ਜਾਣਕਾਰੀ ਨੂੰ ਦੁਬਾਰਾ ਦੇਖੋ।